ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ
ਰਾਜ ਸਿਹਤ ਤੇ ਪਰਿਵਾਰ ਭਲਾਈ ਸਿਖਲਾਈ ਸੰਸਥਾ , ਪੰਜਾਬ
ਨੇੜੇ ਸਿਵਲ ਹਸਪਤਾਲ, ਫੇਜ-6,ਅਜੀਤਗੜ੍ਹ(ਮੋਹਾਲੀ), ਪੰਜਾਬ
ਫੋਨ : 0172-2262938, 2263938, ਟੈਲੀਫੈਕਸ : 0172-2266938
ਪਧਾਰੋ ਜੀ : www.punjabhealth.co.in : E-mail: adswmphsc@gmail.com

ਨੰ.ਪੀ.ਐਚ.ਐਸ.ਸੀ./ਬੀ.ਐਮ.ਡਬਲਿਯੂ(ਵਾਲਿਯਮ-1 ਅਤੇ 2)-67/14/ 655-701 ਮਿਤੀ 27.10.14

ਵੱਲ

1.ਮੈਡੀਕਲ ਸੁਪਰਡੈਂਟ ਐਮ.ਕੇ.ਐਚ.ਪਟਿਆਲਾ ਅਤੇ ਸਿਵਲ ਹਸਪਤਾਲ ,ਜਲੰਧਰ ।
2.ਸਮੂਹ ਡਿਪਟੀ ਮੈਡੀਕਲ ਕਮਿਸ਼ਨਰ ।

ਵਿਸ਼ਾ :- ਪੰਜਾਬ ਸਿਹਤ ਸਿਸਟਮਜ ਕਾਰਪੋਰੇਸ਼ਨ ਅਧੀਨ ਆਉਂਦੇ ਹਸਪਤਾਲਾਂ ਵਿੱਚ ਬਾਇਉ-ਮੈਡੀਕਲ ਵੇਸਟ ਮੈਨੇਜਮੈਂਟ ਨੂੰ ਵਧਿਆ ਢੰਗ ਨਾਲ ਚਲਾਉਣ ਅਤੇ ਸਹੀ ਢੰਗ ਨਾਲ ਹੈਂਡਲ ਕਰਨ ਬਾਰੇ ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਪੰਜਾਬ ਪ੍ਰਦੂਸਣ ਰੋਥਥਾਮ ਬੋਰਡ, ਪਟਿਆਲਾ ਵੱਲੋ ਪ੍ਰਾਪਤ ਪਤੱਰ ਅੱਧ ਨੰ. ਈ.ਪੀ.ਏ./14/55, ਮਿਤੀ 01.10.14 ਦੇ ਅਨੁਸਾਰ ਜ਼ੋਕਿ ਆਡਿਟ ਵਿਭਾਗ ਵੱਲੋ ਭੇਜੀ ਗਈ ਆਡਿਟ ਰਿਪੋਰਟ ਦੇ ਸੰਬੰਧ ਵਿੱਚ ਹੈ ।ਜਿਸ ਵਿੱਚ ਲਿਖਿਆ ਗਿਆ ਹੈ ਕਿ ਨੰਵਬਰ, 2013 ਤੋਂ ਜੂਨ 2014 ਤੱਕ ਆਡਿਟ ਵਿਭਾਗ ਵੱਲੋ ਹਸਪਤਾਲਾਂ ਦਾ ਪ੍ਰਫੋਰਮੰਸ ਆਡਿਟ ਆਫ ਬਾਇਉ ਮੈਡੀਕਲ ਵੇਸਟ ਕੀਤਾ ਗਿਆ ਜਿਸ ਦੌਰਾਨ ਉਹਨਾ ਵੱਲੋ ਹਸਪਤਾਲਾਂ ਵਿੱਚ ਬਹੁਤ ਜਿਆਦਾ ਖਾਮੀਆਂ ਪਾਈਆਂ ਗਈਆਂ । ਆਪ ਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਹਸਪਤਾਲਾਂ ਵਿੱਚ ਬਾਇਉ ਮੈਡੀਕਲ ਵੇਸਟ ਦੀ ਚੱਲ ਰਹੀਂ ਮਾੜੀ ਹਾਲਤ ਦਾ ਸੁਧਾਰ ਕਰਨ ਲਈ ਸੰਜੀਦਗੀ ਨਾਲ ਉਪਰਾਲੇ ਕਰਨ ਦੀ ਲੋੜ ਹੈ। ਇਸ ਕਰਕੇ ਆਪਣੇ ਪੱਧਰ ਤੇ ਹੇਠ ਲਿਖੇ ਅਨੁਸਾਰ ਜਿਲ੍ਹਾ ਲੇਵਲ ਦੀ 8 ਮੈਂਬਰੀ ਕਮੇਟੀ ਗਠਿਤ ਕਰਨ ਉਪਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਮੋਨਿਟਰਿੰਗ ਚੈਕਲਿਸਟ ਅਨੁਸਾਰ ਹਸਪਤਾਲਾਂ ਦਾ ਨਿਰੰਤਰ ਤੋਰ ਤੇ ਨਿਰਖਣ ਕੀਤਾ ਜਾਵੇ :-

## ਕਮੇਟੀ

| | | | |
|---|---|---|---|
| 1 | ਸਹਾਇਕ ਸਿਵਲ ਸਰਜਨ | ਚੇਅਰਮੈਨ | 1 |
| 2 | ਡਿਪਟੀ ਮੈਡੀਕਲ ਕਮਿਸ਼ਨਰ | ਮੈਂਬਰ ਸਕੱਤਰ/ਕਨਵੀਨਰ | 1 |
| 3 | ਸੀਨੀਅਰ ਮੈਡੀਕਲ ਅਫਸਰ ਇੰਚਾਰਜ ਜਿਲ੍ਹਾ ਹਸਪਤਾਲ | ਮੈਂਬਰ | 1 |
| 4 | ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸਬ ਡਵੀਜਨਲ ਹਸਪਤਾਲ | ਮੈਂਬਰ | 1 |
| 5 | ਸੀਨੀਅਰ ਮੈਡੀਕਲ ਅਫਸਰ ਇੰਚਾਰਜ ਕਮਿਊਨਟੀ ਹੈਲਥ ਸੈਂਟਰ | ਮੈਂਬਰ | 2 |
| 6 | ਨੋਡਲ ਅਫਸਰ(ਬਾਇਉ ਮੈਡੀਕਲ ਵੇਸਟ) ਜਿਲ੍ਹਾ ਹਸਪਤਾਲ | ਮੈਂਬਰ | 1 |
| 7 | ਨੋਡਲ ਅਫਸਰ(ਬਾਇਉ ਮੈਡੀਕਲ ਵੇਸਟ) ਸਬ ਡਵੀਜਨਲ ਹਸਪਤਾਲ | ਮੈਂਬਰ | 1 |

ਮੋਨਿਟਰਿੰਗ ਚੈਕਲਿਸਟ

| ਸ.ਨੰ. | ਪੁਆਂਇੰਟ | ਸਟੇਟਸ | | ਕਥਨ |
|---|---|---|---|---|
| | **ਸੈਗਰੀਗੇਸ਼ਨ ਅਤੇ ਕੁਲੇਕਸ਼ਨ** | ਹਾਂ | ਨਹੀਂ | |
| 1 | ਇਸ ਗੱਲ ਦਾ ਵਿਸੇਸ ਧਿਆਨ ਦਿੱਤਾ ਜਾਵੇ ਕਿ ਜੋ ਬਾਇਉ ਮੈਡੀਕਲ ਵੇਸ਼ਟ ਹੈ ਉਹ ਜਨਰਲ ਵੇਸਟ ਤੋਂ ਅਲੈਦਾ ਤੋਰ ਤੇ ਇੱਕਠੀ ਕੀਤੀ ਜਾਂਦੀ ਹੈ । | | | |
| 2 | ਹਸਪਤਾਲਾਂ ਦੇ ਸੈਗਰੀਗੇਸ਼ਨ ਪੁਆਂਇੰਟਾਂ ਤੇ ਨੰਬਰਿੰਗ (numbering) ਕੀਤੀ ਗਈ ਹੈ ਜਾਂ ਨਹੀਂ ? | | | |
| 3 | ਸਾਰੇ ਪਲਾਸਟਿਕ ਬੈਗਾਂ ਤੇ Biohazard signs, non-chlorinated standard ਅਨੁਸਾਰ ਬੈਗਜ ਦੀ ਮੁਟਾਈ ਦੀ ਵਰਤੋਂ ਕੀਤੀ ਗਈ ਹੈ ਜਾ ਨਹੀਂ ? | | | |
| 4 | ਸਾਰੇ ਬੈਗਜ ਦਾ 3/4 ਹਿੱਸਾ ਭਰਨ ਉਪਰੰਤ ਉਸ ਨੂੰ ਬੰਦ ਕਰਕੇ ਕੁਲੇਕਸ਼ਨ ਸੈਂਟਰ ਤੇ ਭੇਜਿਆ ਜਾਂਦਾ ਹੈ ਜਾ ਨਹੀਂ ? | | | |
| 5 | ਕਿ ਨੀਡਲ ਕਟਰ ਹਰ Injection point ਤੇ working condition ਵਿੱਚ ਮੁਹੀਇਆ ਕੀਤਾ ਗਿਆ ਹੈ ਜਾਂ ਨਹੀਂ ? | | | |
| 6 | ਕਿ ਨੀਡਲ ਦੀ ਡਿਸਪੋਜਲ ਲਈ ਨੀਡਲ ਕਟਰ ਦੀ ਵਰਤੋਂ ਕੀਤੀ ਜਾ ਰਹੀਂ ਹੈ ਜਾ ਨਹੀਂ ? | | | |
| 7 | ਕਿ ਇਲੈਕਟ੍ਰੀਕਲ ਨੀਡਲ ਦੀ ਡਿਸਪੋਜਲ ਲਈ ਇਲੈਕਟ੍ਰੀਕਲ ਪੁਆਂਇੰਟ ਮੌਜੂਦ ਹਨ ਜਾ ਨਹੀਂ ? | | | |
| 8 | ਕਿ ਸੀਰਿੰਜਾਂ ਦੇ ਮੂਹ ਦੀ ਕਟਿੰਗ ਕਰਕੇ ਉਸ ਨੂੰ ਚੀਟੇ ਬਾਕਸ ਵਿੱਚ ਡਿਸਪੋਜਲ ਕੀਤਾ ਜਾ ਰਿਹਾ ਹੈ ਜਾ ਨਹੀਂ ? | | | |
| 9 | Unbroken glass, IV fluid, glass bottles, vials, ampoules etc. ਲਈ ਚੀਟੇ ਪਲਾਸਟਿਕ ਬੈਗਜ ਦੀ ਵਰਤੋਂ ਕੀਤੀ ਜਾ ਰਹੀਂ ਹੈ ? | | | |
| 10 | Broken sharps (used & Unused), needles, syringes, scalpel, blades, glass etc. ਲਈ ਚੀਟੇ ਬਾਕਸ ਦੀ ਵਰਤੋਂ ਕੀਤੀ ਜਾ ਰਹੀਂ ਹੈ ? | | | |
| 11 | ਕਿ Placenta ਰਿਸਤੇਦਾਰਾਂ ਨੂੰ ਜਾਂ ਸੀਵਰੇਜ਼ ਵਿੱਚ ਤਾ ਨਹੀਂ ਸੁੱਟੀਆ ਜਾ ਰਿਹਾ ? | | | |
| 12 | ਕਿ expired medicines ਲਈ ਕਾਲੇ ਪਲਾਸਟਿਕ ਬੈਗ ਦੀ ਵਰਤੋਂ ਮੈਡੀਕਲ ਸਟੋਰ ਰੂਮ ਅਤੇ ਡਿਸਪੈਂਸਰੀ ਵਿੱਚ ਕੀਤੀ ਜਾ ਰਹੀਂ ਜਾਂ ਨਹੀਂ ? | | | |
| 13 | ਸਾਰੇ ਸੈਗਰੀਗੇਸ਼ਨ ਪੁਆਂਇੰਟਾਂ ਤੇ ਬਾਇਉ ਮੈਡੀਕਲ ਵੇਸਟ ਦੇ ਲਿਫਾਫੇ ਚੁਕ ਕੇ ਕੁਲੈਕਸ਼ਨ ਸੈਂਟਰ ਤੱਕ ਪਹੁਚਾਉਣ ਲਈ covered wheelborrow (ਕਚਰਾ ਪੇਟੀ) ਦਾ ਇਸਤੇਮਾਲ ਕੀਤਾ ਜਾ ਰਿਹਾ ਹੈ ਜਾਂ ਨਹੀਂ ? | | | |
| | **ਟ੍ਰੀਟਮੈਂਟ** | | | |
| 14 | ਕਿ sharp ਦੀ ਡਿਸਪੋਜਲ 1% sodium hypochloride solution ਨਾਲ ਟ੍ਰੀਟ ਕਰਨ ਉਪਰੰਤ ਚੀਟੇ ਕੰਟੇਨਰ ਵਿੱਚ ਕੀਤਾ ਜਾ ਰਿਹਾ ਹੈ ਜਾਂ ਨਹੀਂ ? | | | |
| 15 | ਕਿ ਤਰਲ ਬਾਇਉ ਮੈਡੀਕਲ ਵੇਸਟ ਨੂੰ ਜਨਰਲ ਸੀਵਰੇਜ਼ ਵਿੱਚ ਡਿਸਪੋਜਲ ਕਰਨ ਤੋਂ ਪਹਿਲਾਂ 1% sodium hypochloride solution ਨਾਲ ਟ੍ਰੀਟ ਕੀਤਾ ਜਾ ਰਿਹਾ ਹੈ ਜਾਂ ਨਹੀਂ ? | | | |
| 16 | ਕਿ used gloves 1% sodium hypochloride solution ਵਿੱਚ ਟ੍ਰੀਟ ਕਰਕੇ ਡਿਸਪੋਜ਼ ਆਫ ਕੀਤੇ ਜਾ ਰਹੇ ਹਨ ? | | | |
| 17 | ਕਿ ਪਲਾਸਟਿਕ ਸਰਿੰਜ, ਗੁਲੌਕੋਜ਼ ਬੋਟਲ, IV drip lines, used gloves , IV Cannula , catheter ਆਦਿ ਦੀ ਡਿਸਪੋਜਲ ਕਟਿੰਗ (mutilation) ਕਰਕੇ ਸਹੀ ਤਰੀਕੇ ਨਾਲ ਨੀਲੇ ਬੈਗ ਵਿੱਚ ਡਿਸਪੋਜਲ ਕੀਤੀ ਜਾ ਰਹੀਂ ਹੈ ਜਾਂ ਨਹੀਂ ? | | | |
| 18 | ਕਿ Placenta ਜ਼ੋਕਿ Potential infectious ਮਨਇਆ ਜਾਂਦਾ ਹੈ ਇਸ ਦੀ ਡਿਸਪੋਜਲ ਪੀਲੇ ਬੈਗ ਵਿੱਚ ਹੀ inceneration ਵਾਸਤੇ ਕੀਤਾ ਜਾ ਰਹੀਂ ਹੈ ਜਾਂ | | | |

| | | | | |
|---|---|---|---|---|
| | ਨਹੀਂ ? | | | |
| | **ਟ੍ਰਾਸਪੋਰਟੇਸਨ** | | | |
| 19 | ਕਿ ਫਰਮ ਵੱਲੋ ਸੈਗਰੀਗੇਟਿਡ ਬਾਇਉ ਮੈਡੀਕਲ ਵੇਸਟ ਨੂੰ ਸਹੀ ਤਰੀਕੇ ਨਾਲ ਤੋਲ ਕੇ 24 ਘੰਟੇ ਦੇ ਵਿੱਚ-2 ਚੁੱਕੀਆ ਜਾਂ ਰਹੀਆ ਹੈ ਜਾਂ ਨਹੀਂ ? | | | |
| 20 | ਕਿ ਫਰਮ ਵੱਲੋ ਚੁੱਕੇ ਜਾ ਰਹੇ ਬਾਇਉ ਮੈਡੀਕਲ ਵੇਸਟ ਦਾ ਪੂਰਾ ਰਿਕਾਰਡ ਹਸਪਤਾਲ ਵਿੱਚ ਸਹੀ ਤਰੀਕੇ ਨਾਲ ਰੱਖਿਆ ਜਾ ਰਿਹਾ ਹੈ ਜਾਂ ਨਹੀਂ ? | | | |
| 21 | ਕਿ ਨੋਡਲ ਅਫਸਰ(ਬਾਇਉ ਮੈਡੀਕਲ ਵੇਸ਼ਟ) ਵੱਲੋ ਲੋਗ ਰਜਿਸਟਰ ਸਹੀ ਢੰਗ ਨਾਲ ਮੇਨਟੇਨ ਕੀਤਾ ਜਾ ਰਿਹਾ ਹੈ ਅਤੇ ਹਸਪਤਾਲ ਦੀ ਬਾਇਉ ਮੈਡੀਕਲ ਵੇਸ਼ਟ ਦੀ ਡਿਸਪੋਜਲ ਵੱਲ ਧਿਆਨ ਦਿੱਤਾ ਜਾ ਰਹਿਆ ਹੈ ? | | | |
| 22 | ਕਿ ਫਰਮ ਵੱਲੋ ਚੁੱਕੇ ਜਾ ਰਹੇ ਬਾਇਉ ਮੈਡੀਕਲ ਵੇਸਟ ਦਾ ਸਮਾਂ ਲੋਗ ਰਜਿਸਟਰ ਵਿੱਚ ਪਾਇਆ ਜਾ ਰਿਹਾ ਹੈ ਜਾਂ ਨਹੀਂ ? | | | |
| 23 | ਕਿ ਹਰ ਲੋਗ ਬੂਕ ਨੋਡਲ ਅਫਸਰ (ਬਾਇਉ ਮੈਡੀਕਲ ਵੇਸਟ) ਵੱਲੋ ਚੈਕ ਕਰਕੇ ਸਾਈਨ ਕੀਤਾ ਜਾ ਰਿਹਾ ਹੈ ਜਾਂ ਨਹੀਂ ? | | | |
| 24 | ਕਿ ਹਸਪਤਾਲ ਵੱਲੋ ਜਿਸ ਜਗ੍ਹਾਂ ਤੇ ਹਸਪਤਾਲ ਦੇ ਬਾਇਉ ਮੈਡੀਕਲ ਵੇਸ਼ਟ ਨੂੰ ਇੱਕਠਾ ਕਰਕੇ ਰੱਖਣਾ ਹੈ ਉਹ ਜਗ੍ਹਾਂ ਫਰਮ ਦੇ ਨੁਮਾਇੰਦੀਆਂ ਵੱਲੋ ਚੁੱਕਣ ਲਈ approachable ਅਤੇ ਇਨਫੈਕਸ਼ਨ ਰਹਿਤ ਹੈ ਜਾਂ ਨਹੀਂ ? | | | |
| 25 | ਜਿਸ ਕਮਰੇ ਵਿੱਚ ਬਾਇਉ ਮੈਡੀਕਲ ਵੇਸ਼ਟ ਨੂੰ ਇੱਕਠਾ ਕਰਕੇ ਰੱਖਿਆ ਜਾਂਦਾ ਹੈ ਉਸ ਕਮਰੇ ਦੀ ਕਲਰ-ਕੋਡਿੰਗ ਬਾਇਉ ਮੈਡੀਕਲ ਵੇਸ਼ਟ ਦੇ ਆਧਾਰ ਤੇ ਕੀਤੀ ਗਈ ਹੈ ਜਾਂ ਨਹੀਂ । | | | |
| | **ਜਨਰਲ** | | | |
| 26 | ਕਿ ਹਸਪਤਾਲ ਵੱਲੋ ਸਮੇਂ ਸਿਰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ ਆਥੋਰਾਈਜੇਸ਼ਨ ਲਈ ਗਈ ਹੈ ਜਾ ਨਹੀਂ ? | | | |
| 27 | ਕਿ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ ਹਸਪਤਾਲਾਂ ਵਿੱਚ ਬਣਦੀ renewal of authorization ਸਮੇਂ ਸਿਰ ਕੀਤੀ ਜਾ ਰਹੀਂ ਹੈ ਜੇਕਰ renewal ਦਾ ਸਮਾਂ ਪਾਰ ਹੋ ਜਾਂਦਾ ਹੈ ਤਾਂ ਕਿ ਸਟੇਟ ਮੁੱਖ ਦਫਤਰ ਨੂੰ ਦੱਸਿਆ ਜਾ ਰਿਹਾ ਹੈ ? | | | |
| 28 | Mercury free equipment ਦੇ ਉਪਰਾਲੇ ਕੀਤੇ ਜਾ ਰਹੇ ਹਨ ? | | | |
| 29 | ਹਸਪਤਾਲ ਲਈ Digital Thermometer, Mercury free BP Apparatus (Sphygmomanometers) ਖਰੀਦ ਕੀਤੀ ਜਾ ਰਹੀਂ ਹੈ ਜਾਂ ਨਹੀਂ ਅਤੇ ਡੈਂਟਲ ਟ੍ਰੀਟਮੈਂਟ ਦੇ ਪ੍ਰਯੋਗ ਲਈ mercury free Dental Equipment. Glass Ionomer and composite tooth fillings ਦੀ ਵਰਤੋ ਕੀਤੀ ਜਾਂ ਰਹੀਂ ਹੈ ਜ਼ਾਂ ਨਈਂ ? | | | |
| 30 | ਬਾਇਉ ਮੈਡੀਕਲ ਵੇਸਟ ਜਿਸ ਪਲਾਸਟਿਕ ਬੈਗ ਵਿੱਚ ਇੱਕਠਾ ਕੀਤਾ ਜਾਂਦਾ ਹੈ ਉਸ ਪਲਾਸਟਿਕ ਬੈਗ ਤੇ ਸੰਬੰਧਿਤ ਹਸਪਤਾਲ ਦਾ ਸਟਿਕਰ ,ਹਸਪਤਾਲ ਦੇ ਸਟਾਫ ਵਲੋ ਲਗਾਇਆ ਜਾਂਦਾ ਹੈ । | | | |
| 31 | ਕਿ ਨੋਡਲ ਅਫਸਰ ਵੱਲੋ ਬਾਇਉ ਮੈਡੀਕਲ ਵੇਸ਼ਟ ਨੂੰ ਜਿਸ ਜਗ੍ਹਾਂ ਇੱਕਠਾ ਕਰਨਾ ਹੈ ਅਤੇ ਜਿਸ ਤਰੀਕੇ ਨਾਲ ਇੱਕਠਾ ਕਰਨਾ ਹੈ ਉਸ ਦੀ ਪੂਰੀ ਜਾਣਕਾਰੀ ਬਾਇਉ ਮੈਡੀਕਲ ਵੇਸਟ ਹੈਂਡਲ ਕਰਨ ਵਾਲੇ ਸਟਾਫ ਨੂੰ ਦਿੱਤੀ ਜਾ ਰਹੀਂ ਹੈ ਜਾਂ ਨਹੀਂ ? | | | |
| 32 | ਕਿ ਹਸਪਤਾਲ ਵਿੱਚ ਕਲਰ ਕੋਡਿੰਗ ਦੀ ਸਹੀਂ ਵਰਤੋ ਕੀਤੀ ਜਾ ਰਹੀਂ ਹੈ ਅਤੇ ਇਸ ਸਬੰਧੀ ਜਿਨਾਂ ਪੁਆਂਇੰਟਾਂ ਤੇ ਬਾਇਉ ਮੈਡੀਕਲ ਵੇਸ਼ਟ ਇੱਕਠੀ ਕਰਨੀ ਹੈ ਪੋਸਟਰ ਲਗਾਏ ਗਏ ਹਨ ? | | | |
| 33 | ਕਿ ਬਾਇਉ ਮੈਡੀਕਲ ਵੇਸਟ ਹੈਂਡਲ ਕਰਨ ਵਾਲੇ ਸਟਾਫ ਵੱਲੋ ਪੀ.ਪੀ.ਈ. ( ਦਸਤਾਨੇ , ਬੁਟ , ਅਪਰਨ ਅਤੇ ਫੇਸ ਮਾਸਕ) ਦੀ ਵਰਤੋਂ ਕੀਤੀ ਜਾ ਰਹੀਂ ਹੈ ਜਾਂ ਨਹੀਂ ? | | | |
| 34 | ਨੀਡਲ ਸਟੀਕ ਇੰਜਰੀ ਅਤੇ ਹੋਰ ਕੋਈ ਐਕਸੀਡੈਂਟ ਦੀ ਰਿਪੋਰਟ ਰਿਕਾਰਡ ਵਿੱਚ | | | |

| | | | | |
|---|---|---|---|---|
| | ਰੱਖੀ ਜਾ ਰਹੀ ਹੈ ਅਤੇ ਉਸ ਨੂੰ ਡ੍ਰੀਲ ਕੀਤਾ ਜਾ ਰਿਹਾ ਹੈ ਜਾ ਨਹੀਂ ? | | | |
| 35 | ਕਿ ਬਾਇਉ ਮੈਡੀਕਲ ਵੇਸਟ ਦੀ ਸੈਗਰੀਗੇਸਨ, ਕੁਲੈਸ਼ਕਨ, ਸਟੋਰੇਜ਼, ਟ੍ਰਾਂਸਪੋਰਟੇਸ਼ਨ ਅਤੇ ਡਿਸਪੋਜਲ ਦੀ ਸਲਾਨਾ ਰਿਪੋਰਟ ਮਿੱਥੇ ਗਏ ਪ੍ਰੋਫਾਰਮੈਟ ਤੇ ਭਰ ਕੇ 31 ਜਨਵਰੀ ਤੋਂ ਪਹਿਲਾਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਨੂੰ ਭੇਜੀ ਜਾ ਰਹੀਂ ਹੈ ਜਾਂ ਨਹੀਂ ? | | | |

ਜਿਲ੍ਹਾ ਕਮੇਟੀ ਵੱਲੋ ਕਮੇਟੀ ਬਣਾ ਕੇ ਹਸਪਤਾਲਾਂ ਦੀ ਤੁਰੰਤ ਚੈਕਿੰਗ ਸ਼ੁਰੂ ਕੀਤੀ ਜਾਵੇ ਅਤੇ ਬਣਦੀ ਰਿਪੋਰਟ ਹਰ ਮਹੀਨੇ ਦੀ 7 ਤਾਰੀਖ ਤੱਕ ਮੁੱਖ ਦਫਤਰ ਦੇ ਬਾਇਉ ਮੈਡੀਕਲ ਵੇਸਟ ਵਿੰਗ ਵਿੱਚ ਭੇਜੀ ਜਾਵੇ।

ਪ੍ਰਬੰਧਕੀ ਨਿਰਦੇਸ਼ਕ
ਪੰਜਾਬ ਸਿਹਤ ਸਿਸਟਮਜ ਕਾਰਪੋਰੇਸ਼ਨ, ਐਸ.ਏ.ਐਸ.ਨਗਰ
ਵਾਸਤੇ ਪ੍ਰਿੰਸੀਪਲ ਸਕੱਤਰ (ਸਿਹਤ)

ਸੀ.ਸੀ.

1. ਚੇਅਰਮੈਨ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਨਾਭਾ ਰੋਡ, ਪਟਿਆਲਾ-147001 ਨੂੰ ਉਹਨਾਂ ਦੇ ਅੱਧ ਸਰਕਾਰੀ ਪੱਤਰ ਨੰ.ਈ.ਪੀ.ਏ./14/55, ਮਿਤੀ 01.10.14 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।
2. ਸਮੂਹ ਸਿਵਲ ਸਰਜਨ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ।